a2zpapers.com

Sr. No. 1276

Exam. Code : 110101
Subject Code : 3629

# B. Voc. Banking & Financial Services - Ist Sem.

(2116)

## BVC-101(i): Punjabi Compulsory

Time allowed: 3 hrs. Max. Marks: 50

1. 'ਪਹੀਆ ਪ੍ਰਦੂਸ਼ਣ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

'ਏਡਜ਼: ਇਕ ਗੰਭੀਰ ਸੰਕਟ' ਨਿਬੰਧ ਦੇ ਵਿਸ਼ਾ-ਵਸਤੂ ਸੰਬੰਧੀ ਵਿਸਥਾਰ ਸਹਿਤ ਚਰਚਾ ਕਰੋ। (10)

2. ਪ੍ਰੋ. ਮੋਹਨ ਸਿੰਘ ਦੀ ਕਵਿਤਾ "ਖਨਗਾਹੀ ਦੀਵਾ ਬਾਲਦੀਏ" ਵਿਚਲੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

*ਆਤਮ ਅਨਾਤਮ* ਪੁਸਤਕ ਵਿਚ ਦਰਜ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਵਿਚ ਪੇਸ਼ ਵਿਚਾਰਾਂ ਬਾਰੇ ਚਰਚਾ ਕਰੋ। (10)

3. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਤੇ ਪੈਰਾ ਰਚਨਾ ਕਰੋ-
   (ੳ) ਭ੍ਰਿਸ਼ਟਾਚਾਰ
   (ਅ) ਭਾਸ਼ਣ ਕਲਾ
   (ੲ) ਸਭਿਆਚਾਰਕ ਪਰਿਵਰਤਨ (5)

4. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਢੁਕਵੇਂ ਉੱਤਰ ਦਿਉ-

ਸਾਡੇ ਜੀਵਨ ਦਾ ਇਕ ਪ੍ਰਤੱਖ ਤੇ ਬੜਾ ਮਹਾਨ ਅੰਗ ਉਪਜੀਵਕਾ ਕਮਾਉਣਾ ਹੈ। ਇਸ **ਦ੍ਰਿਸ਼ਟੀਕੋਣ** ਤੋਂ ਵੇਖਿਆਂ ਪਤਾ ਲੱਗਦਾ ਹੈ ਕਿ ਜਿਸ ਮਨੁੱਖ ਜਾਂ ਇਸਤਰੀ ਨੇ ਆਪਣੀ ਪਹਿਲੀ ਅਵਸਥਾ ਵਿਚ ਆਪਣੇ ਆਪ ਨੂੰ **ਉਪਜੀਵਕਾ** ਕਮਾਉਣ ਦੇ ਯੋਗ ਬਣਾਉਣ ਲਈ ਘਾਲ ਨਹੀਂ ਘਾਲੀ, ਉਹ ਇਸ ਖੇਤਰ ਵਿਚ ਪਿੱਛੇ ਰਹਿ ਜਾਂਦਾ ਹੈ। ਜੋ ਕਿਸੇ ਵਿਹਾਰ ਜਾਂ ਕਾਰਜ ਉੱਤੇ ਦਿਲ ਲਗਾ ਕੇ ਮਿਹਨਤ ਕਰਨ ਵਲੋਂ ਅਵੇਸਲੇ ਹੋ ਜਾਣ, ਉਹਨਾਂ ਦਾ ਇਸ ਸੰਸਾਰ ਵਿਚ ਝੱਟ ਨਹੀਂ ਟੱਪਦਾ। ਨਿਰੀ ਉਪਜੀਵਕਾ ਕਮਾਉਣ ਵਾਸਤੇ ਹੀ ਜੀਊਣਾ ਬਹੁਤ ਉੱਚਾ **ਆਦਰਸ਼** ਨਹੀਂ। ਮਿਹਨਤ ਦਾ ਮਨੁੱਖੀ ਸੁਭਾਅ ਉੱਤੇ **ਅਦੁੱਤੀ** ਪ੍ਰਭਾਵ ਪੈਂਦਾ ਹੈ।

(ੳ) ਜ਼ਿੰਦਗੀ ਦੀ ਸ਼ੁਰੂਆਤ ਵਿਚ ਮਿਹਨਤ ਨਾ ਕਰਨ ਵਾਲੇ ਮਗਰੋਂ ਰੋਜ਼ੀ ਕਮਾਉਣ ਲਈ ਕਿੰਨੇ ਕੁ ਸਫ਼ਲ ਹੁੰਦੇ ਹਨ?
(ਅ) ਕੰਮ ਕਰਨ ਵਿਚ ਲਾਪਰਵਾਹੀ ਦਾ ਨਤੀਜਾ ਕੀ ਹੁੰਦਾ ਹੈ?
(ੲ) ਕੀ ਸਿਰਫ਼ ਰੋਜ਼ੀ ਕਮਾਉਣ ਲਈ ਜੀਊਣਾ ਚੰਗੀ ਗੱਲ ਹੈ?
(ਸ) ਮੋਟੇ ਸ਼ਬਦਾਂ ਦੇ ਅਰਥ ਦੱਸੋ।
(ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ। (5x1=5)

5. ਉਚਾਰਨ ਸਥਾਨ ਤੋਂ ਕੀ ਭਾਵ ਹੈ? ਇਸਦੇ ਆਧਾਰ ਉੱਤੇ ਪੰਜਾਬੀ ਵਿਅੰਜਨ ਧੁਨੀਆਂ ਬਾਰੇ ਚਰਚਾ ਕਰੋ।

ਜਾਂ

ਉਪਭਾਸ਼ਾ ਨੂੰ ਪਰਿਭਾਸ਼ਤ ਕਰਦੇ ਹੋਏ ਪੰਜਾਬੀ ਦੀਆਂ ਉਪਭਾਸ਼ਾਵਾਂ ਸੰਬੰਧੀ ਜਾਣਕਾਰੀ ਦਿਉ। (10)

6. ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨ ਕਰੋ:

P.T.O

www.a2zpapers.com
a2zpapers.com

a2zpapers.com

Sr. No. 1276

Exam. Code : 110101
Subject Code : 3629



(ੳ) ਮਾਤ ਭਾਸ਼ਾ ਤੋਂ ਕੀ ਭਾਵ ਹੈ?ਮਾਤ ਭਾਸ਼ਾ ਵਿੱਚ ਸਿਖਿਆ ਦੇ ਮਹੱਤਵ ਬਾਰੇ ਦੱਸੋ।

(ਅ) ਪਹਿਲੀ ਭਾਸ਼ਾ ਦੇ ਅਧਿਆਪਨ ਲਈ ਕਿਹੜੀਆਂ ਵਿਧੀਆਂ ਸਹਾਈ ਹੋ ਸਕਦੀਆਂ ਹਨ ?

(ੲ) ਦੂਜੀ ਭਾਸ਼ਾ ਦੇ ਅਧਿਆਪਨ ਦੀ ਕੀ ਸਾਰਥਕਤਾ ਹੁੰਦੀ ਹੈ?

(ਸ) ਦੂਜੀ ਭਾਸ਼ਾ ਦੇ ਅਧਿਆਪਨ ਸਮੇਂ ਕੀ ਸਮੱਸਿਆਵਾਂ ਆਉਂਦੀਆਂ ਹਨ? (5x2=10)

**********



www.a2zpapers.com
a2zpapers.com